# ਹਿੰਦੁਸਤਾਨ ਵਿਚ ਕੁਰੱਪਸ਼ਨ ਦੀ ਚੜ੍ਹਦੀ ਕਲਾ

ਪਿਛਲੇ ਕੁਝ ਦਿਨਾਂ ਤੋਂ ਵਿਰੋਧੀ ਦਲਾਂ ਨੇ ਰਲਕੇ ਪਾਰਲੀਮੈਂਟ ਦਾ ਕੰਮਕਾਰ ਠੱਪ ਕੀਤਾ ਹੋਇਆ ਹੈ। ਉਨ੍ਹਾਂ ਨੇ ਦੋ ਜੀ ਸਪੈਕਟਰਮ ਦੇ ਘੁਟਾਲੇ ਦੀ ਛਾਣਬੀਣ ਕਰਾਉਣ ਲਈ ਪਾਰਲੀਮੈਂਟ ਦੀ ਸਾਂਝੀ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ ਪਰ ਸਰਕਾਰ ਇਹਦੇ ਲਈ ਰਾਜ਼ੀ ਨਹੀਂ। ਸਰਕਾਰ ਦੀ ਦਲੀਲ ਹੈ ਕਿ ਇਹ ਕਰਨਾ ਜ਼ਰੂਰੀ ਨਹੀਂ। ਦੱਸਿਆ ਜਾਂਦਾ ਹੈ ਕਿ ਸਪੈਕਟਰਮ ਘੁਟਾਲਾ ਹੁਣ ਤੀਕ ਹੋਏ ਘਪਲਿਆਂ ਵਿਚੋਂ ਸਾਰਿਆਂ ਨਾਲੋਂ ਵੱਡਾ ਹੈ। ਇਸ ਵਿਚ ਇਕ ਲੱਖ ਛਿਹੱਤਰ ਕਰੋੜ ਰੁਪਏ ਦੀ ਹੇਰਾ ਫੇਰੀ ਕੀਤੀ ਗਈ ਦਸੀ ਗਈ ਹੈ। ਟੈਲੀਕੌਮ ਮੰਤ੍ਰੀ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪਿਆ ਹੈ। ਸੁਪ੍ਰੀਮ ਕੋਰਟ ਨੇ ਵੀ ਇਸ ਮਾਮਲੇ ਵਿਚ ਪ੍ਰਧਾਨ ਮੰਤ੍ਰੀ ਦੀ ਸੋਲਾਂ ਮਹੀਨੇ ਤੋਂ ਧਾਰੀ ਹੋਈ ਚੁੱਪ ਤੇ ਅਲੋਚਨਾਮਈ ਟਿੱਪਣੀ ਕੀਤੀ ਹੈ।

ਇਸ ਵੇਲੇ ਹਿੰਦੁਸਤਾਨ ਵਿਚ ਘਪਲਿਆਂ ਦਾ ਬਜ਼ਾਰ ਬੜਾ ਗਰਮ ਹੈ। ਹਾਲੇ ਕੁਝ ਦਿਨ ਹੋਏ ਆਦਰਸ਼ ਸੁਸਾਇਟੀ ਦੇ ਘੁਟਾਲੇ ਬਾਰੇ ਮਹਾਰਾਸ਼ਟਰ ਦੇ ਮੁੱਖ ਮੰਤ੍ਰੀ ਨੂੰ ਅਸਤੀਫ਼ਾ ਦੇਣਾ ਪਿਆ ਸੀ। ਇਸ ਘੁਟਾਲੇ ਵਿਚ ਸਾਰੀਆਂ ਹੀ ਪਾਰਟੀਆਂ ਅਤੇ ਫੌਜ ਦੇ ਬੰਦੇ ਵੀ ਸ਼ਾਮਲ ਹਨ। ਇਸ ਤੋਂ ਹੀ ਕੁਝ ਦਿਨ ਪਹਿਲਾਂ ਕਾਮਨਵੈਲਥ ਖੇਡਾਂ ਦੇ ਕੰਟਰੈਕਟਾਂ ਦੇ ਘੁਟਾਲੇ ਬਾਰੇ ਵੀ ਕਾਫ਼ੀ ਰੌਲਾ ਪਿਆ ਸੀ। ਕਰਨਾਟਕ ਵਿਚ ਭਾਜਪਾ ਦੇ ਮੁਖ ਮੰਤਰੀ ਯਦੂਰੱਪਾ ਅਤੇ ਉਹਦੇ ਪੁੱਤਰਾਂ, ਮਿੱਤਰਾਂ ਤੇ ਰਿਸ਼ਤੇਦਾਰਾਂ ਵਲੋਂ ਕੀਤੀਆਂ ਹੇਰਾ-ਫੇਰੀਆਂ ਦਾ ਚਰਚਾ ਵੀ ਕੌਮੀ ਪੱਧਰ ਤੇ ਹੋ ਰਿਹਾ ਪਰ ਉਹ ਅਸਤੀਫ਼ਾ ਦੇਣ ਲਈ ਵੀ ਤਿਆਰ ਨਹੀਂ।

ਆਮ ਲੋਕ ਸੋਚਦੇ ਹਨ ਕਿ ਕੁਝ ਦਿਨ ਦੇ ਰੌਲੇ-ਰੱਪੇ ਦੇ ਬਾਅਦ ਇਹ ਸਾਰੀ ਗੱਲ ਠੰਢੀ ਹੋ ਜਾਣੀ ਹੈ ਅਤੇ ਕਿਸੇ ਨੂੰ ਕੋਈ ਸਜ਼ਾ ਨਹੀਂ ਹੋਵੇਗੀ। ਪਿਛਲੇ ਸੱਠ ਸਾਲਾਂ ਵਿਚ ਇਹੋ ਜਿਹੇ ਬਹੁਤੇਰੇ ਘੁਟਾਲੇ ਅਤੇ ਹੇਰਾ-ਫੇਰੀਆਂ ਸਾਮ੍ਹਣੇ ਆਉਂਦੀਆਂ ਰਹੀਆਂ ਹਨ ਪਰ ਇਨ੍ਹਾਂ ਲਈ ਜ਼ਿੰਮੇਵਾਰ ਮੰਤਰੀਆਂ, ਅਫਸਰਾਂ ਅਤੇ ਵਿਅਕਤੀਆਂ ਦਾ ਕਦੇ ਵਾਲ ਵਿੰਗਾ ਨਹੀਂ ਹੋਇਆ।

ਅਸਲੀਅਤ ਇਹ ਹੈ ਕਿ ਭ੍ਰਿਸ਼ਟਾਚਾਰ ਅਤੇ ਕੁਰੱਪਸ਼ਨ ਮੌਜੂਦਾ ਨਿਜ਼ਾਮ ਦੀ ਜੱਦੀ ਵਿਸ਼ੇਸ਼ਤਾ ਹੈ। ਇਸ ਦਾ ਮੁੱਖ ਕਾਰਨ ਹੈ ਕਿ ਇਸ ਆਰਥਕ ਅਤੇ ਸਿਆਸੀ ਢਾਂਚੇ ਵਿਚ ਫੈਸਲੇ ਲੈਣ ਵਾਲੇ ਸਿਆਸਤਦਾਨ ਤੇ ਸਰਕਾਰੀ ਅਧਿਕਾਰੀ ਲੋਕਾਂ ਨੂੰ ਜਵਾਬਦੇਹ ਨਹੀਂ ਹਨ। ਮੰਤ੍ਰੀ ਅਤੇ ਅਫਸਰ ਪੈਸੇ ਲੈ ਕੇ ਲੋਕਾਂ ਦੇ ਹਿਤਾਂ ਦੇ ਖ਼ਿਲਾਫ਼ ਫੈਸਲੇ ਹਰ ਰੋਜ਼ ਕਰਦੇ ਹਨ। ਪੈਸੇ ਵਾਲਿਆਂ ਅਤੇ ਜ਼ੋਰਾਵਰਾਂ ਦੇ ਧੜੇ ਆਪਣੀ ਸਾਰੀ ਵਾਹ ਲਾਉਂਦੇ ਹਨ ਕਿ ਇਹ ਫੈਸਲੇ ਉਨ੍ਹਾਂ ਦੇ ਹੱਕ ਵਿਚ ਹੋਣ ਜਿਹਦੇ ਲਈ ਉਹ ਹਰ ਹਰਬਾ ਵਰਤਦੇ ਹਨ। ਰਾਜਤੰਤ੍ਰ ਅਤੇ ਨਿਜ਼ਾਮ ਪੈਸੇ ਵਾਲੇ ਅਤੇ ਜ਼ੋਰ ਵਾਲਿਆਂ ਦੇ ਫਾਇਦੇ ਲਈ ਲੋਕਾਂ ਦੇ ਹਿਤਾਂ ਖ਼ਿਲਾਫ਼ ਫੈਸਲੇ ਕਰਦੇ ਹਨ। ਇਹ ਸਿਲਸਿਲਾ ਉਪਰੋਂ ਤੁਰਦਾ ਹੈ ਤੇ ਹੇਠਾਂ ਤੀਕ ਜਾਂਦਾ ਹੈ। ਮੰਤ੍ਰੀਆਂ-ਸਕੱਤਰਾਂ ਤੋਂ ਲੈ ਕੇ ਪਟਵਾਰੀਆਂ-ਕਲਰਕਾਂ ਤੱਕ ਦਾ ਸਾਰਾ ਸਿਆਸੀ ਤੇ ਸਰਕਾਰੀ ਅਮਲਾ ਪੈਸੇ ਅਤੇ ਜ਼ੋਰ ਵਾਲਿਆਂ ਦੇ ਹਰਕਾਰੇ ਤੇ ਹੱਥ-ਠੋਕੇ ਬਣੇ ਹੋਏ ਹਨ। ਇਨ੍ਹਾਂ ਦੇ ਸਾਰੇ ਫੈਸਲੇ ਤਕੜਿਆਂ ਦੇ ਹੱਕ ਵਿਚ ਹੀ ਹੁੰਦੇ ਹਨ। ਜੇ ਕੋਈ ਫੈਸਲਾ ਕਿਸੇ ਇਕ ਧੜੇ ਦੇ ਰਾਸ ਨਹੀਂ ਆਂਉਦਾ ਤਾਂ ਉਹ ਰੌਲਾ ਰੱਪਾ ਜ਼ਰੂਰ ਪਾਉਂਦਾ ਹੈ ਪਰ ਇਸ ਰਾਜਤੰਤ੍ਰ ਨੂੰ ਖ਼ਤਮ ਕਰਨ ਦੇ ਹੱਕ ਵਿਚ ਕਦੇ ਨਹੀਂ ਹੁੰਦਾ ਕਿਉਂਕਿ ਉਸਦਾ ਕੰਮ ਵੀ ਇਸ ਨਿਜ਼ਾਮ ਵਿਚ ਹੀ ਚਲ ਸਕਦਾ ਹੈ ਅਤੇ ਦੇਰ ਸਵੇਰ ਉਸ ਦੀਆਂ ਜੇਬਾਂ ਵੀ ਭਰੀਆਂ ਜਾਂਦੀਆਂ ਹਨ। ਸੋ ਇਸ ਹਮਾਮ ਵਿਚ ਸਾਰੀਆਂ ਸਿਆਸੀ ਪਾਰਟੀਆਂ, ਸਿਆਸਤਦਾਨ ਤੇ ਅਫ਼ਸਰਸ਼ਾਹੀ ਬਿਲਕੁਲ ਨੰਗੇ ਹਨ। ਕੋਈ ਕਿਸੇ ਨੂੰ ਕਹਿਣ ਜੋਗਾ ਨਹੀਂ।

ਕਈ ਭਲੇ ਲੋਕ ਸੋਚਦੇ ਹਨ ਕਿ ਚੰਗੇ ਬੰਦਿਆਂ ਦੇ ਸਰਕਾਰ ਵਿਚ ਆਉਣ ਨਾਲ ਕੁਰੱਪਸ਼ਨ ਅਤੇ ਭ੍ਰਿਸ਼ਟਾਚਾਰ ਬੰਦ ਹੋ ਸਕਦੇ ਹਨ। ਪਰ ਤਜਰਬਾ ਇਸਦੇ ਉਲਟ ਹੈ ਕਿਉਂਕਿ ਭ੍ਰਿਸ਼ਟਾਚਾਰ ਅਤੇ ਕੁਰੱਪਸ਼ਨ ਇਸ ਢਾਂਚੇ ਦੀ ਜੜ੍ਹ ਵਿਚ ਹੈ ਕੁਰੱਪਸ਼ਨ ਦੇ ਬਗੈਰ ਇਹ ਨਿਜ਼ਾਮ ਨਾ ਰਹਿ ਸਕਦਾ ਹੈ ਤੇ ਨਾ ਚੱਲ ਸਕਦਾ ਹੈ। ਮਨਮੋਹਨ ਸਿੰਘ ਬਾਰੇ ਵੀ ਭਾਵੇਂ ਮੀਡੀਆ ਵਿਚ ਬਥੇਰੀ ਹਵਾ ਬੰਨ੍ਹੀ ਜਾਂਦੀ ਹੈ ਕਿ ਜੀ ਉਹ ਬਹੁਤ ਇਮਾਨਦਾਰ ਅਤੇ ਚੰਗਾ ਬੰਦਾ ਹੈ ਪਰ ਉਸਦੀ ਸਰਕਾਰ ਦੇ ਸਮੇਂ ਕੁਰੱਪਸ਼ਨ ਦਾ ਬੋਲਬਾਲਾ ਵਧਿਆ ਹੀ ਹੈ ਘਟਿਆ ਨਹੀਂ ਤੇ ਸਾਰੇ ਹੀ ਫੈਸਲੇ ਲੋਕਾਂ ਦੇ ਖ਼ਿਲਾਫ਼ ਅਤੇ ਜ਼ੋਰ ਵਾਲਿਆਂ ਦੇ ਹੱਕ ਵਿਚ ਹੋ ਰਹੇ ਹਨ।

ਸਪੈਕਟਰਮ ਘੁਟਾਲਾ ਤੇ ਬਾਕੀ ਹੋਰ ਭਰਿਸ਼ਟਾਚਾਰ ਦੇ ਕੇਸਾਂ ਦਾ ਮੌਜੂਦਾ ਦੌਰ ਇਕ ਵਾਰ ਫਿਰ ਵਿਖਾਉਂਦਾ ਹੈ ਕਿ ਕਿਸ ਤਰ੍ਹਾਂ ਸਰਕਾਰ ਅਤੇ ਰਾਜਤੰਤ੍ਰ ਲੋਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਨੂੰ ਹਾਕਮ ਟੋਲੇ ਦੀਆਂ ਜੇਬਾਂ ਭਰਨ ਲਈ ਵਰਤਦੇ ਹਨ। ਭ੍ਰਿਸ਼ਟਾਚਾਰ ਅਤੇ ਕੁਰੱਪਸ਼ਨ ਇਸ ਨਿਜ਼ਾਮ ਦੇ ਅਟੁੱਟ ਅੰਗ ਹਨ। ਇਹ ਇਸਦੀ ਬਣਤਰ ਦਾ ਹਿੱਸਾ ਹਨ।

ਜਿੰਨਾਂ ਚਿਰ ਲੋਕਾਂ ਕੋਲ ਕੋਈ ਅਸਲੀ ਤਾਕਤ ਨਹੀਂ ਤੇ ਫੈਸਲੇ ਕਰਨ ਵਾਲੇ ਲੋਕਾਂ ਨੂੰ ਜਵਾਬਦੇਹ ਨਹੀਂ ਉੱਨਾਂ ਚਿਰ ਇਸ ਤਰ੍ਹਾਂ ਹੀ ਚਲਦਾ ਰਹੇਗਾ। ਭ੍ਰਿਸ਼ਟਾਚਾਰ ਅਤੇ ਕੁਰੱਪਸ਼ਨ ਦੀ ਜੜ੍ਹ ਨੂੰ ਖ਼ਤਮ ਕਰਨ ਨਾਲ ਹੀ ਇਹ ਮਸਲਾ ਹੱਲ ਹੋ ਸਕਦਾ ਹੈ। ਲੋਕਾਂ ਨੂੰ ਇਕ ਨਵੇਂ ਤੰਤ੍ਰ ਅਤੇ ਢਾਂਚੇ ਦੀ ਉਸਾਰੀ ਕਰਨ ਦੀ ਲੋੜ ਹੈ ਜਿਸ ਵਿਚ ਉਨ੍ਹਾਂ ਦੇ ਹੱਥ ਤਾਕਤ ਹੋਵੇ ਤੇ ਫੈਸਲੇ ਕਰਨ ਵਾਲੇ ਉਨ੍ਹਾਂ ਨੂੰ ਜਵਾਬਦੇਹ ਹੋਣ।